# ਸੁਖੀ ਦੁਨੀਆਂ

G. 263

★

SARDAR DYAL SINGH (LAHORE) LIBRARY

"ਫ਼ਿਲਾਸਫਰਾਂ ਨੇ ਤਾਂ ਕੇਵਲ ਦੁਨੀਆਂ ਦੇ ਅਰਥ ਹੀ ਕਢੇ ਹਨ, ਪਰ ਸਾਡਾ ਕੰਮ ਹੈ ਕਿ ਏਸ ਨੂੰ ਬਦਲ ਦੇਈਏ।"

ਕਾਰਲ ਮਾਰਕਸ.

ਮਾਡਰਨ ਪਬਲੀਕੇਸ਼ਨਜ਼

28703

ਪਹਿਲੀ ਵਾਰ (ਜੂਨ ੧੯੩੭) ੧੦੦੦
ਦੂਜੀ ਵਾਰ (ਮਾਰਚ ੧੯੪੩) ੧੦੦੦

ਆਸ਼ਾ ਆਰਟ ਪ੍ਰੈਸ ੨੬, ਮੈਕਲੌਡ ਰੋਡ ਲਾਹੌਰ ਵਿਚ
ਸ: ਹਰਕਿਸ਼ਨ ਸਿੰਘ ਬੀ. ਏ., ਐਲ ਐਲ. ਬੀ.
ਦੇ ਪ੍ਰਬੰਧ ਹੇਠ ਛਪੀ ਤੇ ਪ੍ਰਕਾਸ਼ਤ ਹੋਈ

# ਇੱਕ ਦੋ ਗਲਾਂ

ਅਜ ਸਾਰੀ ਦੁਨੀਆਂ ਖ਼ੂਨ ਨਾਲ ਰੰਗੀ ਪਈ ਹੈ, ਚਾਰ ਚੁਫੇਰੇ ਹਵਾਈ ਜਹਾਜ਼ਾਂ ਦੀ ਘੂਕਰ, ਤੋਪਾਂ ਦੀ ਦਨਾਂ ਦਨ ਤੇ ਜੰਗੀ ਜਹਾਜ਼ਾਂ ਨਾਲ ਦੁਨੀਆਂ ਦੇ ਸਾਰੇ ਸਮੁੰਦਰਾਂ ਦੇ ਸੀਨੇ ਫਟੇ ਪਏ ਹਨ। ਪਾਣੀ ਦੀ ਹਰ ਇਕ ਬੂੰਦ ਵਿਚ ਲਹੂ ਦਾ ਰੰਗ ਉੱਗਲ ਰਿਹਾ ਹੈ। ਰੂਸ ਉਤੇ ਜਰਮਨੀ ਨੇ ੨੨ ਜੂਨ ੧੯੪੧ ਨੂੰ ਹਮਲਾ ਕੀਤਾ। ਦੋ ਹਜ਼ਾਰ ਮੀਲ ਲੰਮੇ ਫ਼ਰੰਟ ਉਤੇ ਜੰਗ ਹੋ ਰਹੀ ਹੈ। ਕਹਿਨ ਨੂੰ ਤੇ ਦੋ ਹਜ਼ਾਰ ਮੀਲ ਸੌਖੇ ਹਨ ਪਰ ਸਮਝਨ ਨੂੰ ਔਖੇ। ਦੋ ਹਜ਼ਾਰ ਮੀਲ ਸਮਝਨਾ ਹੋਵੇ ਤਾਂ ਐਤੁੰ ਸਮਝੋ ਕਿ ਪਿਸ਼ਾਵਰ ਤੋਂ ਲੈਕੇ ਬੰਬਈ ਤਕ ਤੇ ਫ਼ਿਰ ਤਿੰਨ ਸੌ ਮੀਲ ਅਗੇ ਸਮੁੰਦ੍ਰ ਵਿਚ। ਇਕ ਜਬਰੀ ਫ਼ੌਜ ਨਾਲ ਹਿਟਲਰ ਨੇ ਇਕੋ ਹਲੇ ਵਿਚ ਮਜ਼ਦੂਰਾਂ ਤੇ ਕਿਸਾਨਾਂ ਦੇ ਮੁਲਕ ਰੂਸ ਉਤੇ ਹਮਲਾ ਕਰ ਦਿੱਤਾ।

ਜਿਹੜੀ ਜੰਗ ਰੂਸ ਦੀ ਧਰਤੀ ਉਤੇ ਹੋਈ ਹੈ ਤੇ ਜਿਸ ਤਰ੍ਹਾਂ ਰੂਸ ਦੀ ਲਾਲ ਫ਼ੌਜ ਨੇ ਸੂਰਬੀਰਤਾ ਨਾਲ ਆਪਣੇ ਦੇਸ਼ ਦੀ ਰਖਿਆ ਕੀਤੀ ਤੇ ਹਿਟਲਰ ਹੋਰਾਂ ਦੇ ਖ਼ੂਨੀ ਦੰਦ ਲੋਕ-ਪਿਆਰ ਦੇ ਜਮੂਰ ਨਾਲ ਇਕ ਇਕ ਕਰਕੇ ਕੱਢੇ, ਉਹਦੀ ਮਿਸਾਲ ਦੁਨੀਆਂ ਵਿਚ ਕਿਸੇ ਮੁਲਕ ਨੇ ਅੱਜ ਤਕ ਪੇਸ਼ ਨਹੀਂ ਕੀਤੀ। ਇਸ ਮੋਰਚੇ ਨੂੰ ਨਿਭਾਉਣਾਂ

ਲਾਲ ਫ਼ੌਜ ਦਾ ਹੀ ਕੰਮ ਹੈ। ਕਿਉਂ ? ਇਸ ਵਾਸਤੇ ਕਿ ਲਾਲ ਫ਼ੌਜ ਕਿਰਾਏ ਦੇ ਸਿਪਾਹੀਆਂ ਤੇ ਭਾੜੇ ਦੇ ਟਟੂਆਂ ਦੀ ਕਠੀ ਕੀਤੀ ਹੋਈ ਨਹੀਂ। ਲਾਲ ਫ਼ੌਜ ਜੰਤਾ ਦੀ ਫ਼ੌਜ ਹੈ ਤੇ ਹਰ ਸਿਪਾਹੀ ਦੇਸ਼ ਪਰੇਮ ਦਾ ਪੁਤਲਾ ਹੈ। ਇਸ ਵਾਸਤੇ ਕਿ ਉਹ ਜਾਣਦਾ ਹੈ ਓਸ ਉਚੇ ਆਦਰਸ਼ ਨੂੰ ਜਿਹਦੇ ਵਾਸਤੇ ਉਹਦੇ ਦੇਸ਼ ਦਾ ਬੱਚਾ ਬੱਚਾ ਆਪਣੀ ਜਾਨ ਦਾ ਹਵਨ ਕਰਨ ਲਈ ਤਿਆਰ ਹੈ। ਇਸ ਜੀਵਨ ਹਵਨ ਦਾ ਸਭ ਤੋਂ ਵੱਡਾ ਮੋਰਚਾ ਸੀ ਸਟਾਲਿਨ ਗਰਾਡ ਦਾ ਜੰਗ। ਹਜ਼ਾਰਾਂ ਲਾਲ ਸਿਪਾਹੀ ਮਹੀਨਿਆਂ ਬੱਧੀ ਪੋਰੀ ਪੋਰੀ ਹੋ ਕੇ ਕੱਟ ਗਏ ਤੇ ਇੰਚ ਇੰਚ ਜ਼ਮੀਨ ਉਤੇ ਸੈਂਕੜੇ ਨਹੀਂ ਹਜ਼ਾਰਾਂ ਮਰਦ ਕੁਰਬਾਨ ਹੋਏ ਰੂਸੀ ਸੁਹਾਗਣਾਂ ਦੇ ਚੂੜੇ ਟੁਟੇ ਤੇ ਵਿਲਕਦੇ ਬਾਲਾਂ ਉਤੇ ਯਤੀਮੀ ਦੇ ਝੱਖੜ ਝੁਲੇ, ਪਰ ਲਾਲ ਫ਼ੌਜ ਦੇ ਸੂਰਮਿਆਂ ਨੇ ਆਪਣੇ ਪਿਆਰੇ ਨੇਤਾ ਸਟਾਲਨ ਦੇ ਸ਼ਹਿਰ ਉਤੇ ਦੁਸ਼ਮਨਾਂ ਦਾ ਝੰਡਾ ਨਹੀਂ ਗੱਡਿਆ ਜਾਨ ਦਿਤਾ।

ਸਟਾਲਿਨ ਗਰਾਡ ਇਤਿਹਾਸ ਦਾ ਇਕ ਅਨੋਖਾ ਤੇ ਸੁਨਹਿਰੀ ਪਤ੍ਰਾ ਹੈ। ਇਹਦੇ ਵਿਚ ਆਨ ਵਾਲੀਆਂ ਨਸਲਾਂ ਇਕ ਐਸੀ ਜੰਗ ਦਾ ਹਾਲ ਪੜ੍ਹਨਗੀਆਂ ਜਿਸ ਵਿਚ ਦੇਸ਼ ਪ੍ਰੇਮ ਨੇ ਮੌਤ ਦਾ ਡੱਟਵਾਂ ਮੁਕਾਬਲਾ ਹਸਦੇ ਮੂੰਹ ਇਸ ਸ਼ਾਨ ਨਾਲ ਕੀਤਾ ਕਿ ਓੜਕ ਮੌਤ ਦੀ ਹਾਰ ਹੋਈ ਤੇ ਦੇਸ਼ ਪ੍ਰੇਮ ਦੀ ਜਿੱਤ। ਰੂਸ ਦੇ ਲੋਕਾਂ ਨੇ ਆਪਣੇ ਦੇਸ਼ ਦੀ ਆਜ਼ਾਦੀ ਨੂੰ ਮੁਖ ਰਖਿਆ ਤੇ ਆਪਣੀ ਜਾਨ ਨੂੰ ਪਿਛੇ। ਰੂਸ ਵਾਲਿਆਂ ਨੂੰ ਮੁਲਕ ਕਿਉਂ ਇੰਨਾ ਪਿਆਰ ਹੈ ? ਇਹ



ਸੁਵਾਲ ਸਿਰਫ਼ ਮੇਰੇ ਤੇ ਤੁਹਾਡੇ ਨਹੀਂ ਬਲਕਿ ਹਿੰਦੁਸਤਾਨ ਦੇ ਲੱਖਾਂ ਛਡ ਕਰੋੜਾਂ ਬੰਦਿਆਂ ਦੇ ਮਨ ਦੀ ਬੁਝਾਰਤ ਹੈ।

ਹਨੇਰਾ ਹੋਵੇ ਤਾਂ ਮੂੰਹ ਆਪਣੇ ਆਪ ਚਾਨਣ ਵਲ ਹੋ ਜਾਂਦਾ ਹੈ, ਦੁਖ ਹੋਵੇ ਤਾਂ ਦਿਲ ਸੁਖ ਦੇ ਮਗਰ ਆਪਣੇ ਆਪ ਭਜਦਾ ਹੈ।

ਰੂਸ ਦਾ ਮੁਲਕ ਇਕ ਐਸਾ ਮੁਲਕ ਹੈ ਜਿਥੇ ਦੁਨੀਆਂ ਨਵੇਂ ਅਸੂਲਾਂ ਉਤੇ ਵਸਾਈ ਗਈ ਹੈ। ਓਹ ਮੇਰਾ ਮੁਲਕ ਹੈ ਜਿਥੇ ਦੁਨੀਆਂ ਦੀ ਤਵਾਰੀਖ਼ ਵਿਚ ਪਹਿਲੀ ਵਾਰ ਸਾਂਝੀਵਾਲ ਪਰਬੰਧ ਚਾਲ ਕੀਤਾ ਗਿਆ ਹੈ। ਓਹ ਇਕ ਪਹਿਲਾ ਮੁਲਕ ਹੈ ਦੁਨੀਆਂ ਦੀ ਤਵਾਰੀਖ਼ ਵਿਚ ਜਿਥੇ ਮਜ਼ਦੂਰਾਂ ਤੇ ਕਿਸਾਨਾਂ ਦਾ ਰਾਜ ਕਾਇਮ ਹੋਇਆ ਹੈ, ਜਿਥੇ ਜਨਤਾ ਆਪਣੇ ਜੀਵਨ ਨੂੰ ਅਪਣੀ ਮਰਜ਼ੀ ਦੇ ਅਨੁਸਾਰ ਚਲਾਉਂਦੀ ਹੈ। ਰੂਸ ਦਾ ਕਿਸਾਨ ਏਸ ਵਾਸਤੇ ਹਲ ਨਹੀਂ ਚਲਾਉਂਦਾ ਕਿ ਕਿਸੇ ਵੱਡੇ ਜ਼ਿਮੀਂਦਾਰ ਨੂੰ ਏਹਦੇ ਕਿਤੋਂ ਨਫ਼ਾ ਮਿਲੇ, ਬਲਕਿ ਏਸ ਵਾਸਤੇ ਕਿ ਓਸ ਦੀ ਮਿਹਨਤ ਤੋਂ ਸਾਰੀ ਜਨਤਾ ਲਾਭ ਉਠਾਵੇ।

ਰੂਸ ਦਾ ਮਜ਼ਦੂਰ ਮਸ਼ੀਨ ਦਾ ਪਹੀਆ ਏਸ ਵਾਸਤੇ ਨਹੀਂ ਚਲਾਉਂਦਾ ਕਿ ਓਸ ਦੀ ਮਿਹਨਤ ਨਾਲ ਕਿਸੇ ਹੋਲੜ ਸਰਮਾਇਆਦਾਰ ਦੀ ਜੇਬ ਵਿਚ ਇਕ ਹੋਰ ਦੱਥਾ ਨੋਟਾਂ ਦਾ ਜਾ ਪਵੇ, ਬਲਕਿ ਰੂਸ ਦਾ ਮਜ਼ਦੂਰ ਏਸ ਵਾਸਤੇ ਆਪਣਾ ਚਿਤ ਲਾਕੇ ਮਿਹਨਤ ਤੇ ਈਮਾਨਦਾਰੀ ਨਾਲ ਕੰਮ ਕਰਦਾ ਹੈ ਕਿ ਓਹ ਸਾਰੇ ਮੁਲਕ ਦੇ ਫ਼ਾਇਦੇ ਵਾਸਤੇ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.